a2zpapers.com

Roll No. ..................

Total No. of Questions : 9]

**002/A**

[Total No. of Printed Pages : 3

**SS**

**2037**

# ਸਲਾਨਾ ਪਰੀਖਿਆ ਪ੍ਰਨਾਲੀ

# GENERAL PUNJABI

**(Common for All Groups and Vocational Stream)**

**(Evening Session)**

Time allowed : Three hours

Maximum marks : 65

**ਨੋਟ :** *(i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **002/A** ਜ਼ਰੂਰ ਦਰਜ ਕਰੋ ਜੀ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ, ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(iv)* **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

*(v)* ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

**1.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ ।

(ੳ) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ?

(ਅ) ਖ਼ਾਲੀ ਸਥਾਨ ਭਰੋ :

ਪੰਜਾਬ ਦੇ ਬਹੁਤੇ ਮੇਲੇ ......................, ਰੁੱਤਾਂ ਅਤੇ ਤਿਉਹਾਰਾਂ ਨਾਲ ਸੰਬੰਧਿਤ ਹਨ ।

(ੲ) ਖੇਡਣਾ ਇੱਕ ਸਹਿਜ ਕਰਮ ਹੈ । ਦੱਸੋ (ਹਾਂ/ਨਹੀਂ)

(ਸ) ਮਰਦਾਂ ਦਾ ਉਹ ਕਿਹੜਾ ਨਾਚ ਹੈ ਜਿਸਨੂੰ ਇਸਤਰੀ ਨਾਚ ਵੀ ਸਮਝ ਲਿਆ ਜਾਂਦਾ ਹੈ ?

(ਹ) ਕਿਹੜੀਆਂ ਨਕਲਾਂ ਨੂੰ ਖੇਡਣ ਵਾਲੇ ਪਾਤਰ ਰੰਗਾਂ ਤੇ ਬਿਗਲਾ ਹੁੰਦੇ ਹਨ ?

(ਕ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਅਧਾਰ ਤੇ ਦੱਸੋ ਕਿ ਇਸ ਵਿੱਚ ਵਗਦਾ ਦਰਿਆ ਕਿਸ ਨੂੰ ਕਿਹਾ ਗਿਆ ਹੈ ? 6

(ਖ) 'ਚੁੰਮ-ਚੁੰਮ ਰੱਖੋ' ਕਵਿਤਾ ਕਿਸ ਕਵੀ ਦੀ ਰਚਨਾ ਹੈ ? 1

(ਗ) 'ਸਾਂਝ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ? 1

(ਘ) ਹੇਠ ਲਿਖੀਆਂ ਅਖਾਉਤਾਂ ਪੂਰੀਆਂ ਕਰੋ :

(i) ਨਵਾਂ ਨੌਂ ਦਿਨ .................... ।

(ii) ਮਨ ਜੀਤੈ .................... । 2

6+1+1+2=10



a2zpapers.com

www.a2zpapers.com

We provide GNDU question papers, PTU question papers, PU question papers, LPU question papers, GNA university que

a2zpapers.com



**2.** ਹੇਠ ਲਿਖਿਆਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ ?

(ਅ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ ।

(ੲ) ਪੰਜਾਬ ਵਿੱਚ ਜੀਵ ਦੇ ਜਨਮ ਨਾਲ਼ ਸੰਬੰਧਿਤ ਕਿਹੜੇ-ਕਿਹੜੇ ਰਸਮ-ਰਿਵਾਜ ਹਨ ?

(ਸ) ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ ।

(ਹ) "ਲੋਕ-ਕਿੱਤਾਂ' ਅਤੇ 'ਲੋਕ-ਧੰਦਾਂ' ਦੇ ਅਰਥਾਂ ਵਿੱਚ ਮਾਮੂਲੀ ਫਰਕ ਹੈਂ । ਇਸ 'ਤੇ ਚਾਨਣਾ ਪਾਓ ।

(ਕ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ ।

(ਖ) ਨਕਲਾਂ ਖੇਡਣ ਲਈ ਕਿਹੋ ਜਿਹੇ ਪਿੜ ਦੀ ਵਰਤੋਂ ਕੀਤੀ ਜਾਂਦੀ ਹੈ ?

(ਗ) ਪੰਜਾਬੀ ਸੱਭਿਆਚਾਰ ਵਿੱਚ ਪਹਿਰਾਵੇ ਦੇ ਨਾਲ-ਨਾਲ਼ ਵਿਚਾਰਾਂ ਵਿੱਚ ਵੀ ਤਬਦੀਲੀ ਆਈ ਹੈ । ਦੱਸੋ ਕਿਵੇਂ ?

4×5=20

**3.** ਤੁਹਾਡੇ ਕਸਬੇ ਵਿੱਚ ਦੋ ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚਲਦਿਆਂ ਹੀਰੋ ਮੋਟਰਜ਼ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ ।

ਜਾਂ

ਤੁਸੀਂ ਇੱਕ ਪੜ੍ਹੇ-ਲਿਖੇ ਕਿਸਾਨ ਹੋ । ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ-ਵਿਗਿਆਨ ਕੇਂਦਰ ਨੂੰ ਖੇਤੀ-ਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਕੋਰਸ ਕਰਨ ਲਈ ਪੱਤਰ ਲਿਖੋ । 2+3+1=6

**4.** ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ ਕਰਦਾ ਹੈ, ਉਹਨਾਂ ਨੂੰ ਪਹਿਲ ਦਿੰਦਾ ਹੈ, ਬਰਾਬਰ ਦਿਆਂ ਦਾ ਮਾਣ ਕਰਦਾ ਹੈ, ਛੋਟਿਆਂ ਦਾ ਆਦਰ ਕਰਦਾ ਹੈ, ਉਹਨਾਂ ਨੂੰ ਰਾਹ ਪਾਉਂਦਾ ਹੈ, ਇਸਤਰੀਆਂ ਤੋਂ ਅੱਖ ਨੀਵੀਂ ਰੱਖਦਾ ਹੈ, ਯਥਾਸ਼ਕਤੀ ਆਪਣੀ ਲੋੜ ਉਹਨਾਂ ਦੇ ਪਿੱਛੇ ਰੱਖਦਾ ਹੈ । ਇਸਤਰੀ ਜਾਤੀ ਦਾ ਹਰ ਥਾਂ ਮਾਣ ਕਰਨਾ ਤੇ ਉਸ ਨੂੰ ਪਹਿਲ ਦੇਣੀ ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਹੈ । ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਇਹ ਹੈ ਕਿ ਉਹ ਕਦੇ ਕਾਹਲਾ, ਹਫਲ਼ਿਆ ਤੇ ਆਪੇ ਤੋਂ ਬਾਹਰ ਨਹੀਂ ਦਿਸੇਗਾ । ਲੋਕ ਗੱਡੀ ਚੜ੍ਹਨ ਲਈ ਇੰਵ ਭੱਜਦੇ ਤੇ ਧੱਕਮ-ਧੱਕਾ ਹੁੰਦੇ ਹਨ, ਜਿਵੇਂ ਅੱਗ ਲੱਗ ਗਈ ਹੁੰਦੀ ਹੈ, ਪਰ ਸੁਚੱਜਾ ਆਦਮੀ ਅਡੋਲ ਟਿਕਿਆ ਰਹਿੰਦਾ ਹੈ । ਕਾਹਲ਼ ਤੇ ਤਿੱਖਾਪਣ ਭਾਵੇਂ ਤੁਰਨ-ਫਿਰਨ ਵਿੱਚ ਹੋਵੇ ਭਾਵੇਂ ਅੱਖਾਂ ਦਾ ਹੋਵੇ, ਭਾਵੇਂ ਜ਼ਬਾਨ ਦਾ, ਸੋਭਾ ਨਹੀਂ ਦਿੰਦਾ । ਆਪੋ ਵਿਚਲੀ ਗੱਲ ਕਰਦਿਆਂ ਦੂਜਿਆਂ ਦਾ ਖ਼ਿਆਲ ਰੱਖਣਾ, ਉੱਚਾ ਨਾ ਬੋਲਣਾ, ਨਾ ਹਿੜ-ਹਿੜ ਕਰਕੇ ਹੱਸਣਾ, ਦੂਜਿਆਂ ਵੱਲ ਨਾ ਘੂਰਨਾ ਤੇ ਉਹਨਾਂ ਦੀਆਂ ਚੀਜ਼ਾਂ ਨੂੰ ਗਹੁ ਨਾਲ਼ ਨਾ-ਪੜਤਾਲਣਾ, ਕਿਸੇ ਦੀ ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨ ਦੀ ਕੋਸ਼ਿਸ਼ ਕਰਨੀ, ਨਾ ਹੱਥ ਵਿੱਚੋਂ ਖੋਹਣ ਦਾ ਜਤਨ ਕਰਨਾ, ਦੂਜੇ ਨੂੰ ਆਪਣੇ ਕਰਕੇ ਕੋਈ ਔਖ ਨਾ ਦੇਣਾ ਤੇ ਜੇ ਬੇਵਸੀ ਨਾਲ਼ ਦਿੱਤੀ ਜਾਵੇ ਤਾਂ ਖ਼ਿਮਾਂ ਮੰਗਣੀ, ਇਹ ਮੋਟੇ ਜਿਹੇ ਨਿਯਮ ਹਨ; ਵਰਤਣ ਤੇ ਬੈਠਣ ਦੇ । 1+3=4



a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university ques

a2zpapers.com



**5.** ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਇੱਕ** ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| | | |
|---|---|---|
| ਖ਼ਾਲਸਾ | | ਅਕ੍ਰਿਤਘਣ |
| ਘੁਮਿਆਰ | | ਗਵੱਈਆ |
| ਸਤਪੁਰਖ | ਜਾਂ | ਜੁਲਾਹਾ |
| ਗ਼ਦਰ | | ਆਕਸੀਜਨ |
| ਕੱਕਰ | | ਟੁਕੜ-ਬੋਚ |
| ਕਸਰਤ | | ਗੁਰਦਵਾਰਾ |

3

**6.** ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਸੂਰਜ ਨਿਕਲਿਆ ਅਤੇ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁੱਝ ਗਏ । (ਸਧਾਰਣ ਵਾਕ)

(ਅ) ਵੰਦਨਾ ਪਹਿਲੇ ਦਰਜੇ 'ਤੇ ਆਉਣ ਬਾਰੇ ਪਹਿਲਾਂ ਹੀ ਜਾਣਦੀ ਸੀ । (ਮਿਸ਼ਰਤ ਵਾਕ)

(ੲ) ਮਿਹਨਤ ਸਫ਼ਲ ਹੋਈ । (ਨਾਂਹ-ਵਾਚਕ ਵਾਕ)

(ਸ) ਫੁੱਲ ਬਹੁਤ ਸੁੰਦਰ ਹੈ । (ਵਿਸਮੈ-ਵਾਚਕ ਵਾਕ)

(ਹ) ਮੈਂ ਰੋਟੀ ਖਾ ਰਿਹਾ ਹਾਂ । (ਕਰਮਣੀ-ਵਾਚ) 3

**7.** ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਚਾਰ** ਨੂੰ ਵਾਕਾਂ ਵਿਚ ਵਰਤੋ ਜਾਂ ਉਹਨਾਂ ਦੀਆਂ ਵਰਤੋਂ ਦੀਆਂ ਸਥਿਤੀਆਂ ਦੱਸੋ:

(ੳ) ਆਪਣੀ ਅਕਲ ਤੇ ਪਰਾਇਆ ਧਨ ਬਹੁਤਾ ਹੀ ਜਾਪਦਾ ਹੈ ।

(ਅ) ਸ੍ਵੈ-ਭਰੋਸਾ ਵੱਡਾ ਤੋਸਾ ।

(ੲ) ਕੁੱਤਾ ਭੌਂਕੇ ਬੱਦਲ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ ।

(ਸ) ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ ।

(ਹ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ ।

(ਕ) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ ।

(ਖ) ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜੀਣ । 2×4=8

**8.** ਕਿਸੇ **ਇੱਕ** ਕਵਿਤਾ ਦਾ ਕੇਂਦਰੀ-ਭਾਵ ਲਿਖੋ :

(ੳ) ਟੁਕੜੀ ਜੱਗ ਤੋਂ ਨਿਆਰੀ (ਭਾਈ ਵੀਰ ਸਿੰਘ)

(ਅ) ਤਾਜ ਮਹਲ (ਪ੍ਰੋ: ਮੋਹਨ ਸਿੰਘ)

(ੲ) ਗੀਤ (ਸ਼ਿਵ ਕੁਮਾਰ ਬਟਾਲਵੀ) 4

**9.** ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਘਰ ਜਾ ਆਪਣੇ (ਗੁਲਜ਼ਾਰ ਸਿੰਘ ਸੰਧੂ) 7



a2zpapers.com

www.a2zpapers.com

We provide GNDU question papers, PTU question papers, PU question papers, LPU question papers, GNA university que